## ਉ। ਗੁਰਮਤਿ ਵਿਚ ਅਨੰਦ ਦਾ ਸੰਕਲਪ

ਅਨੰਦ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ
ਸਮੁੱਚੀ ਬਾਣੀ ਵਿਚੋਂ ਸ੍ਰੇਸ਼ਟ ਅਤੇ ਮਹੱਤਵਪੂਰਨ
ਰਚਨਾ ਹੈ। ਇਹ ਰਚਨਾ ਚਾਲੀ ਬੰਦਾਂ ਦੀ ਹੈ ਅਤੇ
ਰਾਮਕਲੀ ਰਾਗ ਵਿਚ ਸੰਕਲਿਤ ਹੈ। ਵਿਦਵਾਨਾਂ
ਨੇ ਬਾਣੀ ਪਉੜੀਆਂ ਨੂੰ ਆਤਮਿਕ ਵਿਕਾਸ
ਲਈ ਇਹ ਪੜਾਅ ਦਿੱਤੇ ਹਨ। ਇਹ ਬਾਣੀ
ਮਨੁੱਖ ਦਾ ਹਰ ਪਲ, ਹਰ ਦਿਨ ਅਤੇ ਹਰ
ਸਮੇਂ ਜੋਗ ਸਾਗਰ ਦਰਸ਼ਨ ਕਰਦੀ ਹੈ। ਡਾ.
ਦੀਵਾਨ ਸਿੰਘ ਅਨੁਸਾਰ "ਅਨੰਦ ਸਾਹਿਬ
ਗੁਰੂ ਅਮਰਦਾਸ ਜੀ 'ਦੀ ਪ੍ਰਸਿੱਧ ਰਚਨਾ ਹੈ।
ਗੁਰਮਤਿ ਸਾਹਿਤ ਵਿਚ ਇਸ ਦੀ ਬਹੁਤ
ਮਹੱਤਤਾ ਹੈ। ਜਿਵੇਂ ਗੁਰਬਾਣੀ ਵਿਚ ਆਸਾ
ਦੀ ਵਾਰ ਅਤੇ ਜਪੁਜੀ ਸਾਹਿਬ ਵਿਸ਼ੇਸ਼
ਰਚਨਾਵਾਂ ਹਨ ਤਿਵੇਂ ਹੀ ਅਨੰਦ ਸਾਹਿਬ।
ਜਿਸ ਤਰ੍ਹਾਂ ਜਪੁਜੀ ਸਾਹਿਬ ਤੇ ਸੁਖਮਨੀ
ਸਾਹਿਬ ਬਾਣੀਆਂ ਦੇ ਸਿਰਲੇਖ ਨਿਰਧਾਰਿਤ
ਹੋਏ ਹਨ। ਇਸੇ ਤਰ੍ਹਾਂ ਇਸ ਬਾਣੀ ਦਾ
ਸਿਰਲੇਖ ਵੀ ਨਿਰਧਾਰਿਤ ਹੈ। ਅਨੰਦ ਸਾਹਿਬ
ਨਿਵੇਕਲੀ ਸਾਹਿਤਕ ਰਚਨਾ ਹੈ। ਇਸ ਦਾ
ਵਿਸ਼ਾ ਆਤਮਕ ਅਨੰਦ ਹੈ। ਗੁਰਬਾਣੀ ਵਿਚ
ਵਖੋ ਵਰਨਣ ਵਿਰਲਾ ਦਾ ਹੈ। ਸੋਲ੍ਹ ਦੀਆਂ
ਪਉੜੀਆਂ ਦਾ ਬਹੁਤਾ ਵਰਣਨ ਨਹੀਂ ਮਿਲਦਾ।
ਗੁਰੂ ਅਮਰਦਾਸ ਜੀ ਨੇ 'ਵਿਲਾਂ ਸੰਜੋਗ ਅਤੇ
ਸੋਲ੍ਹ ਦੀਆਂ ਪਉੜੀਆਂ ਦਾ ਵਰਣਨ ਬੜੇ
ਅਨੁਪਮ ਢੰਗ ਨਾਲ ਕੀਤਾ ਹੈ। ਇਹ
ਅਨੁਪਮ ਢੰਗ ਨਾਲ ਕੀਤਾ ਹੈ। ਇਹ ਅਦੁੱਤੀ ਸਫਲਤਾ ਅਤੇ
ਇਸ ਰਚਨਾ ਦੀ ਅਦੁੱਤੀ ਸਫਲਤਾ ਅਤੇ
ਵਿਲੱਖਣਤਾ ਦਾ ਪ੍ਰਮਾਣ ਹੈ। ਇਸ ਰਚਨਾ
ਦਾ ਆਸ਼ਾ ਉਪਦੇਸ਼ਾਤਮਕ ਹੈ। ਇਸ ਵਿਚ

ਗੁਰਮਤਿ ਦਾ ਮੂਲ ਉਪਦੇਸ਼ ਹੈ। ਇਸ ਵਿਚ ਉਪਦੇਸ਼ ਰੂਪ ਅਧਿਆਤਮਕ ਪੱਧਰ ਤੇ ਅਤੇ ਰੂਪ ਦਾਰਸ਼ਨਿਕ ਪੱਧਰ ਤੇ ਹੈ। ਇਸ ਤਰ੍ਹਾਂ ਇਸ ਬਾਣੀ ਦਾ ਸਮੁੱਚਾ ਆਸ਼ਾ ਤਾਂ ਬਾਕੀ ਬਾਣੀਆਂ ਵਰਗਾ ਹੀ ਹੈ ਪਰ ਵਿਸ਼ੇਸ਼ਤਾ ਇਸ ਵਿਚ ਮੌਲਿਕਤਾ ਦੇ ਅੰਸ਼ ਦੀ ਹੈ ਜਿਸ ਅਵਸਥਾ ਦਾ ਪਹਿਲਾਂ ਕਿਤੇ ਵਿਰਲਾ ਹੀ ਵਰਣਨ ਹੋਇਆ ਹੋਵੇ ਉਸ ਦਾ ਬਿਆਨ ਕਰਨਾ ਕਠਿਨ ਹੁੰਦਾ ਹੈ। ਗੁਰੂ ਅਮਰਦਾਸ ਜੀ ਨੇ ਇਹ ਰਚਨਾ ਰਚ ਕੇ ਆਪਣੀ ਸਾਹਿਤਕ ਮੌਲਿਕਤਾ ਦਾ ਚੰਗਾ ਸਬੂਤ ਦਿੱਤਾ ਹੈ। ਬਾਕੀ ਗੁਰੂ ਸਾਹਿਬਾਨ ਨੇ ਵੀ ਪ੍ਰਭੂ ਮੇਲ ਦੀਆਂ ਅਵਸਥਾਵਾਂ ਬਾਰੇ ਕਈ ਸ਼ਬਦ ਰਚੇ ਹਨ, ਪਰ ਗੁਰੂ ਅਮਰਦਾਸ ਜੀ ਇਹ ਬਾਣੀ ਅਨੰਦ ਸਾਹਿਬ ਦੀ ਹੈਗਲੀ - ਤਰੀ ਸਮਤੀ ਅਤੇ, ਵਿਸਮਾਦ ਦਾ ਪੂਰਨ ਤਾਂ ਅਨੁਸਾਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਵਿਸਮਾਦ ਦਾ ਵਰਣਨ ~~[illegible]~~ ਕੀਤਾ ਹੈ ਪਰ ਗੁਰੂ ਅਮਰਦਾਸ ਜੀ ਨੇ ਵਿਸਮਾਦ ਦਾ ਵਿਸਤ੍ਰਿਤ ਤੇ ਕ੍ਰਮਵਾਰ ਵਰਣਨ ਕੀਤਾ ਹੈ। ਇਹਨਾਂ ਦੀ ਵਿਸ਼ੇਸ਼ ਪ੍ਰਾਪਤੀ ਹੈ। ਅਨੰਦ ਸਾਹਿਬ ਇਕ ਆਤਮਿਕ ਸਚਾਈ ਹੈ। ਇਸ ਨੂੰ ਗੁਰੂ ਅਮਰਦਾਸ ਜੀ ਨੇ ਖੁਦ ਮਹਿਸੂਸ ਹੋ ਕੇ ਪ੍ਰਗਟ ਕਰ ਦਿੱਤਾ। ਹੁਣ ਕਲਾ ਬਾਰੇ ਕਿਸੇ ਨੂੰ ਤਰ, ਮਹਿਸੂਸ ਹੋਣ ਦੀ ਲੋੜ ਹੈ। ਇਸ ਬਾਰੇ ਹੀ ਗੁਰੂ ਅਮਰਦਾਸ ਜੀ ਨੇ ਮਹਿਸੂਸ ਕਰਾਂ ਇਹ ਰਚਨਾ ਰਚੀ।"

ਗਿਆਨੀ ਹਰਬੰਸ ਸਿੰਘ ਦੇ ਸ਼ਬਦਾਂ ਵਿਚ ਗੁਰਮਤਿ ਅਨੁਸਾਰ ਅਨੰਦ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ। ਸਿੱਖ ਲਈ 'ਸ਼ਬਦ' ਹੀ ਗੁਰੂ ਹੈ।

## ਸਿਮਰਨ ਦੁਆਰਾ ਅਨੰਦ ਦੀ ਪ੍ਰਾਪਤੀ

ਇਹ ਗੱਲ ਬਿਲਕੁਲ ਠੀਕ ਹੈ ਕਿ ਅਨੰਦ ਸਾਹਿਬ ਵਿਚ ਗੁਰੂ ਜੀ ਨੇ ਨਾਮ ਸਿਮਰਨ ਅਤੇ ਸੱਚ ਧਰਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਪ੍ਰੋ. ਰਾਮ ਸਿੰਘ ਅਨੁਸਾਰ, "ਨਾਮ ਜਪਣ ਵਾਲੇ ਦੀ ਚੇਤਨਾ ਵਿਕਾਸਮਈ, ਜਾਂ ਜੋਗ ਦੇ ਅਭਿਆਸੀਆਂ ਤੋਂ ਵਧੇਰੇ ਬਲਵਾਨ ਹੁੰਦੀ ਹੈ। ਇਸ ਲਈ ਉਹ ਸਰੀਰ ਨੂੰ ਨਾ ਕੇਵਲ ਸਰੀਰਕ ਕ੍ਰਿਆ ਦੇ ਸੁਝਾਅ ਦੇ ਸਕਦਾ ਹੈ, ਸਗੋਂ ਸਦਾਚਾਰਕ, ਸਮਾਜਿਕ ਤੇ ਅਧਿਆਤਮਕ ਕਰਤੱਵਾਂ ਦੇ ਵੀ। ਗੁਰੂ ਅਮਰਦਾਸ ਸਾਹਿਬ ਨੇ ਅਨੰਦ ਸਾਹਿਬ ਵਿਚ ਕਈ ਵਾਰ ਆਪਣੇ ਸਰੀਰ, ਅੰਗਾਂ ਨੂੰ ਅਧਿਆਤਮਕ ਕਰਮਾਂ ਦੀ ਪ੍ਰੇਰਨਾ ਦਿੱਤੀ ਹੈ, ਕਿਉਂਕਿ ਆਮ ਖਿਆਲ ਅਨੁਸਾਰ ਮਨ ਹੀ ਪ੍ਰੇਰਨਾ ਲੈਣ ਦਾ ਪਾਤਰ ਹੋ ਸਕਦਾ ਹੈ, ਤੇ ਸਰੀਰ ਨੂੰ ਮਨ ਦੇ ਰਾਹੀਂ ਹੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਜਦ ਗੁਰੂ ਅਮਰਦਾਸ ਜੀ ਸਿੱਧਾ ਸਰੀਰ ਨੂੰ ਉਪਦੇਸ਼ ਦਿੰਦੇ ਹਨ ਤਾਂ ਉਹ ਕੋਈ ਨਵੀਂ ਲਖਸ਼ਾ ਦਾ ਸਬੂਤ ਨਹੀਂ ਵਰਤਦੇ। ਉਨ੍ਹਾਂ ਨੂੰ ਸਰੀਰ ਤੇ ਮਨ ਇਕ ਜਿਹੇ ਉਪਦੇਸ਼ ਦੇ ਪਾਤਰ ਪ੍ਰਤੀਤ ਹੁੰਦੇ ਹਨ, ਕਿਉਂਕਿ ਦੋਵੇਂ ਚੇਤੰਨ ਹਨ। ਅਨੰਦ ਸਾਹਿਬ ਵਿਚ ਉਨ੍ਹਾਂ ਨੇ ਮਨ ਨੂੰ ਸੱਤ ਵਿਸ਼ਾ ਵੱਲ ਪ੍ਰੇਰਨਾ ਦੇਣ ਤੇ ਅਸੱਤ ਵਿਸ਼ਾ ਤੋਂ ਵਰਜਣ ਦਾ ਉਪਰਾਲਾ ਵੀ ਕੀਤਾ ਹੈ।"

Page A-1
Date / /

(ੳ) ਏ ਰਸਨਾ ਤੂੰ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ।
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸ ਪਲੈ ਨ ਪਾਇ।
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ।

(ਅ) ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਇ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥

ਅਜਿਹੀਆਂ ਕਾਵਿ ਸਤਰਾਂ ਨੂੰ ਸੱਚ ਰੱਖ ਕੇ ਪ੍ਰੋ. ਪ੍ਰਿਆਰਾ ਸਿੰਘ ਪਦਮ ਲਿਖਦੇ ਹਨ ਕਿ ਜਿਨ੍ਹਾਂ ਨੂੰ ਅਧਿਆਤਮਕ ਆਨੰਦ ਪ੍ਰਾਪਤ ਹੋ ਗਿਆ, ਉਹ ਆਪਣੇ ਬਾਰੇ ਕਿਵੇਂ ਅੱਖਰ ਵੀ ਨਹੀਂ ਕਹਿਣਾ ਚਾਹੁੰਦੇ ਤੇ ਦੂਜਿਆਂ ਦੀ ਨਕਤਾਚੀਨੀ ਉਨ੍ਹਾਂ ਦੇ ਸੁਭਾਅ ਵਿਚ ਹੀ ਨਹੀਂ ਹੁੰਦੀ। ਜੋ ਉਹ ਆਚਾਰ ਵਲੋਂ ਕੁਦਰਤ ਪਲ ਦਾ ਇਹ ਵੀ ਇੱਕ ਸਰੂਰੀ ਲੱਛਣ ਹੈ ਕਿ ਉਹ ਬਹੁਤ ਬੋਲਣੇ ਸੰਕੋਚ ਕਰਦਾ ਹੈ ਅਤੇ ਸਮਝ ਵਿਚ ਬੋਲਣ ਬਹੁਤ ਕਰਦਾ ਹੈ। ਸਮਝ ਦਾ ਭਾਵ ਇਹ ਹੈ ਕਿ ਉਹ ਨੋਕੀ ਕਿਸੇ ਤੁਛੇਰੀ ਗੱਲਾਂ ਵਿਚ ਸਮੇਂ ਨਸ਼ਟ ਨਹੀਂ ਕਰਦਾ, ਸਗੋਂ ਉਸ ਦਾ ਕੁਦਰਤੀ ਸੁਭਾਅ ਹੀ ਐਸਾ ਹੋ ਜਾਂਦਾ ਹੈ ਕਿ ਉਹ ਥੋੜੇ ਸ਼ਬਦ ਵਰਤ ਕੇ ਲੋੜ ਹੀ ਜੋਗਾ ਵਰਤੇ ਤਰ ਕਿਵੇਂ ਵੱਸ ਵਰਤਣ ਹੋਇਆ ਹੋਏ, ਉਸ ਦਾ ਵਿਆਪਕ ਵਰਨਾ ਕਠਿਨ ਹੁੰਦਾ ਹੈ।

ਗੁਰੂ ਅਮਰਦਾਸ ਜੀ ਨੇ ਇਹ ਸਲੋਕ ਰਚ ਕੇ ਆਪਣੀ ਸਾਹਿਤਕ ਮੌਲਿਕਤਾ ਦਾ ਉੱਤਮ ਸਬੂਤ ਦਿੱਤਾ ਹੈ। ਬਾਕੀ ਗੁਰੂ ਸਾਹਿਬਾਨ ਨੇ ਵੀ ਪ੍ਰਭੂ ਮੇਲ ਦੀਆਂ ਅਵਸਥਾਵਾਂ ਬਾਰੇ ਕਈ ਸ਼ਬਦ ਰਚੇ ਹਨ, ਪਰ ਗੁਰੂ ਅਮਰਦਾਸ ਜੀ ਦੀ ਇਹ ਬਾਣੀ ਅਨੰਦ ਸਾਹਿਬ ਸਾਰੀ ਹੀ ਇਸ ਅਵਸਥਾ ਦਾ ਪ੍ਰਗਟਾਅ ਹੈ। ਇਸ ਵਿਚ ਗੁਰੂ ਸਾਹਿਬ ਦੀ ਹੈਰਾਨੀ - ਭਰੀ ਮਸਤੀ ਅਤੇ ਵਿਸਮਾਦ ਦਾ ਵਰਣਨ ਕੀਤਾ ਹੈ, ਪਰ ਗੁਰੂ ਅਮਰਦਾਸ ਜੀ ਦੇ ਵਿਸਮਾਦ ਦਾ ਵਿਸਤ੍ਰਿਤ ਤੇ ਸੁਭਾਵਿਕ ਵਰਣਨ ਹੀ ਇਹਨਾਂ ਦੀ ਵਿਸ਼ੇਸ਼ ਪ੍ਰਾਪਤੀ ਹੈ। ਅਨੰਦ ਸਾਹਿਬ ਇਕ ਆਤਮਿਕ ਸਚਾਈ ਹੈ। ਇਸ ਨੂੰ ਗੁਰੂ ਅਮਰਦਾਸ ਜੀ ਨੇ ਪੂਰਾ ਸੁਚੇਤ ਹੋ ਕੇ ਪ੍ਰਗਟ ਕਰ ਦਿੱਤਾ। ਹੁਣ ਕਲਾ ਬਾਰੇ ਕਿਸੇ ਹੋਰ ਤਰ ਸੁਚੇਤ ਹੋਣ ਦੀ ਲੋੜ ਹੈ। ਇਸ ਕਰਕੇ ਹੀ ਗੁਰੂ ਅਮਰਦਾਸ ਜੀ ਨੇ ਸੁਚੇਤ ਭਾਂਤ ਇਹ ਰਚਨਾ ਰਚੀ।"

ਗਿਆਨੀ ਹਰਬੰਸ ਸਿੰਘ ਦੇ ਕਥਨ ਵਿਚ ਗੁਰਮਤਿ ਅਨੁਸਾਰ ਅਨੰਦ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ। ਸਿੱਖ ਲਈ 'ਸ਼ਬਦ' ਹੀ ਗੁਰੂ ਹੈ।

## ਧਰਮ ਦਾ ਸੰਕਲਪ

ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਧਰਮ ਦੀ ਨੀਂਹ ਤੇ ਕੇਂਦਰਿਤ ਹੈ। ਇਸ ਭਾਵੇਂ ਮਨੁਖ ਦੇ ਜੀਵਨ ਨੂੰ ਸੁਖੀ ਬਣਾਉਣ ਦਾ ਹੈ ਜਾਂ ਜੀਵਾਤਮਾ ਨੂੰ ਉਸ ਦੇ ਮੂਲ ਨਾਲ ਜੋੜਨ ਦਾ ਹੈ, ਪਰ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਧਰਮ ਦੀ ਨੀਂਹ ਨੂੰ ਦ੍ਰਿੜ੍ਹ ਕਰਵਾਇਆ ਹੈ। ਭਾਵੇਂ ਇਸ ਬਾਣੀ ਵਿਚ ਧਰਮਾਂ ਦਾ ਪਰੰਪਰਿਕ ਪੱਖ ਤੋਂ ਨਿਰੂਪਣ ਨਹੀਂ ਕੀਤਾ ਗਿਆ ਜਿਵੇਂ ਕਿ ਉਪਨਿਸ਼ਦਾਂ ਗੀਤਾ ਅਤੇ ਸਾਸਤਰਾਂ ਵਿਚ ਮਿਲਦਾ ਹੈ, ਪਰ ਜਿਸ ਭਗਤੀ ਅਥਵਾ ਨਾਮ ਸਾਧਨਾ ਨੂੰ ਮਨੁਖੀ ਆਤਮਾ ਲਈ ਸਾਰਥੂ ਦਰਸਾਲ ਕੀਤਾ ਹੈ ਉਸ ਦਾ ਕੇਂਦਰਬਿੰਦੂ ਧਰਮ ਹੈ। ਗੁਰੂ ਅਮਰਦਾਸ ਜੀ ਅਨੁਸਾਰ ਧਰਮ ਦਾ ਕੇਵਲ ਨਿਰਗੁਣ ਰੂਪ ਵਿਚ ਅਗਮ, ਅਗੋਚਰ ਤੇ ਅਲਖ ਹੈ, ਸਗੋਂ ਦੇਵਤੇ ਦੇ ਰੂਪ ਵਿਚ ਹੀ ਬੇਅੰਤ ਹੈ - ਤਿਸ ਕੀ ਕੀਮਤ ਕਹੀ ਨਾ ਜਾਇ।

**ਡਾ. ਰਤਨ ਸਿੰਘ ਜੱਗੀ ਅਨੁਸਾਰ, ਸ੍ਰੀ ਗੁਰੂ** ਅਮਰਦਾਸ ਜੀ ਦੀ ਪਰਮਾਤਮਾ ਬਾਰੇ ਉਹੀ ਧਾਰਨਾ ਹੈ ਜਿਸ ਨੂੰ ਸਤਿਗੁਰੂ ਨੂਰ ਦੇਵ ਜੀ ਨੇ ਆਪਣੀ ਸਾਹਿਬ ਰਾਹੀਂ ਪ੍ਰਗਟਾਇਆ ਹੈ। ਆਪ ਨੇ ਪਰਮਾਤਮਾ ਦੀ ਹੋਂਦ ਬਾਰੇ ਬਾਕੀ ਬਾਣੀ ਤੋਂ ਭਿੰਨ, ਅੰਤਰ ਸਾਹਿਬ ਵਿਚ ਬੜੇ ਸੁੰਦਰ ਢੰਗ

ਨਾਲ ਪ੍ਰੇਮ ਕੀਤਾ ਹੈ। ਗੁਰੂ ਦੇਵ ਜੀ ਆਪਣੀ ਰਚਨੀ ਉਪਸਿਆ ਤੇ ਅਸਲੀ ਸੀਤਲ-ਤਮਰਥੇ ਦੇ ਆਧਾਰ ਉਪਰ ਨਿਰੰਕਾਰ ਦੀ ਨੂਰਤਾ ਉਪਰ ਚਾਨਣ ਦਿੱਤਾ ਹੈ ਤੇ ਨਿਰਕਾਲ ਨੂੰ ਉਸ ਦਾ ਸਰੂਪ ਦੱਸਿਆ ਹੈ ਜੋ ਇਹ ਵਿਸ਼ਾਲ ਦੀ ਰੰਗਲੀ ਵਿਚ ਆਪਾ ਪਛਾਣ ਲੈਂਦਾ ਹੈ। ਆਪ ਫੁਰਮਾਉਂਦੇ ਹਨ ਕਿ ਪਰਮਾਤਮਾ ਹਰ ਥਾਂ ਹਾਜ਼ਰ-ਨਾਜ਼ਰ ਹੈ। ਉਹ ਕਣ ਕਣ ਵਿਚ ਵਸਿਆ ਹੋਇਆ ਹੈ। ਸੰਸਾਰ ਉਸ ਵਿਚ ਹੈ ਤੇ ਉਹ ਸਾਰੇ ਸੰਸਾਰ ਵਿਚ ਹੈ। ਜੀਵ ਉਸਨੂੰ ਆਪਣੇ ਵਿਚ ਖੋਜ ਸਕਦਾ ਹੈ। ਇਸ ਕਾਇਆ ਵਿਚ ਉਹ ਨਿਵਾਸ ਕਰਦਾ ਹੈ ਤੇ ਗੁਰਮੁਖ ਲੋਕ ਉਸਨੂੰ ਬਾਹਰ ਜੰਗਲਾਂ ਵਿਚ ਲੱਭਦੇ, ਫਿਰਦੇ ਹਨ ਮਨੁੱਖੀ ਸਰੀਰ ਦੀ ਮਹੱਤਤਾ ਤੇ ਸਹਾਨਤਾ ਨੂੰ ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਵਿਅਕਤ ਕੀਤਾ ਹੈ :-

ਇਸ ਕਾਇਆ ਅੰਦਰ ਵਸਤੁ ਅਸੰਖਾ
ਗੁਰਮੁਖਿ ਸਾਚੁ ਮਿਲੈ ਤਾ ਵੇਖਾ
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ,
ਕਾਇਆ ਅੰਦਰ ਬ੍ਰਹਮਾ ਬਿਸਨੁ ਮਹੇਸਾ
ਸਭ ਓਪਤਿ ਜਿਤੁ ਸੰਸਾਰਾ।

ਅਜਿਹੀਆਂ ਕਾਵਿ-ਪੰਕਤੀਆਂ ਤੋਂ ਦੇਖ ਕੇ ਡਾ. ਸੁਰੈਣ ਸਿੰਘ ਵਿਰਦੀ ਆਖਦਾ ਹੈ ਕਿ ਸੰਸਾਰ ਦੀ ਸ੍ਰਿਸ਼ਟੀ ਵਿਚ ਉਸ ਪਰਮਾਤਮਾ ਦੀ ਰਚੀ ਹੋਈ ਹੈ। ਉਸ ਸਾਹਿਬ ਦੀ ਜੋਤ ਚਾਨਣ ਵਾਲੇ ਸੁੰਦਰ ਉਸ ਦੀ ਰਚਨਾ ਕਰਕੇ ਘਾਟੇ ਥਾਏਂ ਹਨ ਅਤੇ

ਸੇਵਕ ਨੂੰ ਉਸ ਸੁਆਮੀ ਨੇ ਹੀ ਸੋਝੀ ਬਖਸ਼ੀ ਹੈ। ਭਾਵ ਇਹ ਹੈ ਕਿ ਪਰਮਾਤਮਾ ਅਤੇ ਆਤਮਾ ਦਾ ਅੰਸ਼-ਅੰਸ਼ੀ ਸੰਬੰਧ ਹੈ। ਆਤਮਾ ਆਪਣੇ ਸੁਆਮੀ ਦੀ ਕਿਰਤ ਕਰਕੇ ਜਾਣੀ ਜਾਂਦੀ ਹੈ ਅਤੇ ਸੁਆਮੀ ਉਸ ਦਾ ਕਰਤਾ ਹੋਣ ਕਰਕੇ ਜਾਣਿਆ ਜਾਂਦਾ ਹੈ। ਸਤ ਪਦਾਂ ਵਿਚ ਉਹ ਵਾਹਿਗੁਰੂ ਦੀ ਬਿਰਹਾਮਾਲ ਜਾਗ।

ਗੁਰੂ ਅਮਰਦਾਸ ਜੀ ਨੇ ਸਪਸ਼ਟ ਰੂਪ ਵਿਚ ਇਸ ਸਵਾਲ ਸੱਚ ਦਾ ਉਤਪਾਦਨ ਕਰਦਿਆਂ ਦੱਸਿਆ ਕਿਹਾ ਸੀ ਕਿ ਸੱਚੇ ਸਾਧਕਾਂ ਨੂੰ ਸਤ ਦਿਸ਼ਾਵਾਂ ਵਿਚ ਉਸ ਪਰਮ ਸ਼ਕਤੀ ਪਰਮਾਤਮਾ ਦੇ ਹੀ ਦਰਸ਼ਨ ਹੁੰਦੇ ਹਨ। ਐਸਾ ਸੱਚਾ ਸੇਵਕ ਆਪਣੀ ਪ੍ਰਗਤੀ ਨੂੰ ਸ਼ਬਦ ਦੀ ਸ਼ਕਤੀ ਦੁਆਰਾ ਪ੍ਰਾਪਤ ਕਰਕੇ ਉਸ ਪਰਮਾਤਮਾ ਨਾਲ ਏਕਤਾ ਸਥਾਪਿਤ ਕਰ ਲੈਂਦਾ ਹੈ।

1. ਜਹ ਦੇਖਾ ਤੂ ਸਗਲੀ ਥਾਈਂ

2. ਜਹ ਦੇਖਾ ਤਹ ਏਕੋ ਸੋਈ
ਦੂਜੀ ਪ੍ਰਗਤਿ ਸਬਦੇ ਖੋਈ
ਦੇਖਣ, ਸਹਿ ਪੁਤ ਏਕੁ ਸਮਾਣਾ
ਆਪਣੇ ਰੰਗ ਸਦ ਸਤਾ ਹੈ।

ਇੰਞ ਇਸੇ ਤਰ੍ਹਾਂ ਅਨੰਦ ਸਾਹਿਬ ਵਿਚ ਪ੍ਰਭੂ ਨੂੰ ਅਗਮ-ਅਗੋਚਰ, ਸਾਹਿਬਾਂ ਦਾ ਸੁਆਮੀ, ਮਾਤਾ-ਪਿਤਾ, ਸਮਰੱਥ ਆਦਿ ਰੂਪ ਵਿਚ ਚਿਤਾਰਿਆ ਗਿਆ ਹੈ–

Page A-1
Date / /

ਅਗਮ ਅਗੋਚਰ, ਤੇਰਾ ਅੰਤ ਨ ਪਾਇਆ। ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪ ਤੂ ਜਾਣ ਹੈ।"

## ਮਹਿਮਾ ਦੇ ਸੰਕਲਪ

ਗੁਰਮਤਿ ਕਾਵਿ ਵਿਚ ਮਹਿਮਾ ਦਾ ਜ਼ਿਕਰ ਭਰਪੂਰ ਰੂਪ ਵਿਚ ਮਿਲਦਾ ਹੈ। ਗੁਰੂ ਕਵੀਆਂ ਨੇ ਆਪਣੀ ਬਾਣੀ ਵਿਚ ਮਹਿਮਾ ਦਾ ਰੂਪ ਨਫ਼ੈਦ, ਪ੍ਰਭੂ, ਸ਼ਬਦ, ਬ੍ਰਹਮ, ਜੀਵ ਅਤੇ ਸਚ ਨਾਲ ਸੰਬੰਧ ਵਿਚ ਦੇ ਵਿਲੱਖਣਤਾ ਪ੍ਰਭਾਵ ਦਾ ਭਰਪੂਰ ਰੂਪ ਵਿਚ ਵਰਣਨ ਹੀ ਨਹੀਂ ਕੀਤਾ, ਸਗੋਂ ਨਾਲ-ਨਾਲ ਹੀ ਗੁਰਮਤਿ ਸਿਧਾਂਤ ਦੀ ਵਿਲੱਖਣਤਾ ਦਰਸਾਏ ਵਿਚ ਤੇ ਬਚਨ ਦੇ ਉਪਮਾ ਦਾ ਵੀ ਜ਼ਿਕਰ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, ਗੁਰਮਤਿ ਵਿਚ ਮਹਿਮਾ ਦੇ ਦੋ ਰੂਪ ਮੁੱਖ ਤੌਰ ਤੇ ਵੇਖਣ ਵਿਚ ਆਉਂਦੇ ਹਨ :-

1. ਵਿਅਕਸ਼ਟੀ ਰੂਪ 2. ਸਮਸ਼ਟੀ ਰੂਪ।

ਵਿਅਕਸ਼ਟੀ ਰੂਪ ਵਿਅਕਤੀਗਤ ਮਹਿਮਾ ਵਾਲਾ ਹੈ ਅਤੇ ਸਮਸ਼ਟੀ ਰੂਪ ਸਮੂਹਿਕ ਸਰਗਤ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਮਹਿਮਾ ਦਾ ਰਚੈਜਤਾ ਬਹੁਤ ਹੈ। ਉਹ ਹੀ ਵਡਿਆਈਆਂ ਵਾਂਗ ਮਹਿਮਾ ਦੇ। ਸੁਤੰਤਰ ਅਸਮਤਿਉਣ ਗੁਹਿਰਾਸ ਨਹੀਂ ਕਰਦੇ। ਉਹ ਮਹਿਮਾ ਨੂੰ ਠਗਣੀ ਦੀ ਸੰਗਿਆ ਦਿੰਦੇ ਹਨ।

ਉਹਨਾ ਦਾ ਵਿਚਾਰ ਹੈ ਕਿ ਮਾਇਆ ਆਪਣਾ ਕਾਰਜ ਆਪ ਨਹੀਂ, ਸਗੋਂ ਪ੍ਰਭੂ ਦੀ ਆਗਿਆ ਅਨੁਸਾਰ ਕਰਦੀ ਹੈ। ਡਾ. ਸੈਦਾ ਸਿੰਘ ਦਾ ਮਤ ਹੈ ਕਿ ਗੁਰੂ ਸਾਹਿਬ ਨੇ ਧਨ-ਦੌਲਤ ਜਾਂ ਰੁਪਏ ਪੈਸੇ ਦੇ ਅਰਥਾਂ ਵਿਚ ਮਾਇਆ ਸ਼ਬਦ ਦਾ ਪ੍ਰਯੋਗ ਵਾਰ-ਵਾਰ ਕੀਤਾ ਹੈ। ਉਨ੍ਹਾਂ ਦਾ ਕਥਨ - ਮਾਇਆ ਧਾਰੀ ਅਤਿ ਅੰਨਾ ਬੋਲਾ। ਸ਼ਬਦੁ ਨ ਸੁਣਈ ਬਹੁ ਰੋਲ ਘਚੋਲਾ। ਇਸ ਤਰ੍ਹਾਂ ਗੁਰੂ ਸਾਹਿਬ ਦਾ ਕਥਨ ਹੈ ਕਿ ਪੁੱਤਰ, ਇਸਤਰੀ ਅਤੇ ਧਨ-ਦੌਲਤ ਵਿਚ ਖਿੱਚ ਨਾ ਹੋਣਾ ਸਗੋਂ ਵਿਕਾਰ ਹੈ। ਮਾਇਆ ਰੂਪੀ ਪੂੰਜੀ ਖੋਟੀ ਹੈ। ਇਹ ਨਾਸ਼ਵਾਨ ਹੈ। ਸੰਗ੍ਰਹਿ ਕੀਤਾ ਹੋਇਆ ਧਨ ਇਸ ਸੰਸਾਰ ਹੈ, ਅਤੇ ਇਥੇ ਇਸ ਦਾ ਨਾਸ਼ ਹੋ ਜਾਣਾ ਹੈ। ਗੁਰੂ ਅਮਰਦਾਸ ਜੀ ਨੇ ਮਾਇਆ ਨੂੰ ਨਾਗਿਨ ਹੀ ਕਿਹਾ ਹੈ। ਨਾਗਿਨ ਆਪਣੀ ਜ਼ਹਿਰ ਕਾਰਣ ਬੜੀ ਭਿਆਨਕ ਮੰਨੀ ਜਾਂਦੀ ਹੈ। ਪਤਾ ਨਹੀਂ ਕਿੱਥੇ ਕਿਸ ਵੇਲੇ ਅੰਦਰ ਛੁਪੀ ਹੋਈ ਕਦੋਂ ਆਪਣਾ ਡੰਗ ਮਾਰ ਦੇਵੇਗੀ। ਇਹ ਮਾਮਲਾ ਉਹਨਾ ਹੀ ਰਹੱਸ ਹੈ ਜਿਹਨਾ ਇਹ ਜਾਣਨਾ ਕਿ ਮਾਇਆ ਕਿੱਥੇ ਹੈ, ਉਹ ਜੀਵ ਨੂੰ ਕਦੋਂ ਆਪਣੇ ਡੰਗ ਨਾਲ ਅਚੇਤ ਕਰ ਦੇਵੇਗੀ। ਇਸ ਲਈ ਸਮਾਨਤਾ ਦੇ ਕਾਰਣ ਮਾਇਆ ਨੂੰ ਨਾਗਿਨ ਕਹਿਣਾ ਢੁਕਵਾਂ ਹੈ। ਇਹੀ ਸਮਾਜ ਦੇ ਸਾਰੇ ਦੁੱਖਾਂ ਦਾ ਕਾਰਨ.

ਆਏ, ਜਨ ਇਕ ਨੂੰ ਪ੍ਰਸੰਨ ਕਰਕੇ ਖੁਦ ਪ੍ਰਸੰਨ ਹੋਏ। ਇਹ ਬਹੁਤ ਉੱਚੀ ਅਵਸਥਾ ਹੈ ਜੋ ਗੁਰੂ ਸਾਹਿਬ ਦੇ ਨਿਰਮਲ ਅਨੁਸਾਰ ਕੇਵਲ ਕਰਮ - ਕਾਂਡ ਦੁਆਰਾ ਪ੍ਰਾਪਤ ਹੋਣੀ ਸੰਭਵ ਨਹੀਂ, ਸਗੋਂ ਸਿਮਰਨ ਵਿਚੋਂ ਹੀ ਮੂਰਤੀਮਾਨ ਹੁੰਦੀ ਹੈ। ਸੱਚਾ ਭਗਤ ਜਾਂ ਸੱਚਾ ਗੁਰਮੁੱਖ ਸਿੱਖ ਆਪਾ ਭਾਵ ਤਿਆਗ ਕੇ ਤਾਂ ਅਗੇ ਤੁਰਦਾ ਹੈ। ਉਸ ਦੀ ਸਮੁਚੀ ਸਖਸੀਅਤ ਸੱਚੀ ਭਾਵਨਾ ਵਿਚ ਰੰਗੀ ਹੋਈ ਸਹਜ-ਅਵਸਥਾ ਰਹਿੰਦੀ ਹੈ ਤੇ ਉਹ ਅਨੁਭਵ ਕਰ ਲੈਂਦਾ ਹੈ ਕਿ ਸਭ ਦਾ ਸੁਆਮੀ ਪਰਮ ਸਚ ਹੈ ਤੇ ਉਸ ਦੀ ਬਖਸ਼ਿਸ਼ ਨਾਲ ਹੀ ਉੱਤਮ ਆਚਾਰ ਪ੍ਰਾਪਤ ਹੁੰਦਾ ਹੈ ਜੀਵਨ, ਸੱਚ ਦੀ ਸੰਚਾਰ ਵਿਚ ਸਰਸਾਰ ਹੋ ਕੇ ਅਨਹਦ ਨਾਦ ਦੀ ਧੁਨਕਾਰ ਕਰਦਾ ਹੈ। ਇਹੋ ਪਰਮਾਨੰਦ ਦੀ ਸਹਜ ਅਵਸਥਾ ਹੈ:

ਪਰਿ ਕਸਿ ਪਾਇਆ ਤੁਧ ਜਿਲ ਕਉ
ਸਿ ਲਾਗਿ ਹਰਿ ਕੈ ਲਾਗੇ
ਕਹੈ ਨਾਨਕ ਤਨ ਸੁਖ ਹੋਆ ।
ਤਿਤ ਘਰਿ ਅਨਹਦ ਵਾਜੇ ।

## 3.2 ਅਨੰਦ ਸਾਹਿਬ ਬਾਣੀ ਦਾ ਸੰਗਠਨ ਸਿਧਾਂਤ

### ਅਨੁਭਵ ਦੀ ਵਸਤੂ

ਅਨੰਦ ਸਾਹਿਬ ਇਕ ਰਹਸਵਾਦੀ ਰਚਨਾ ਹੈ ਅਤੇ ਹਰ ਰਹੱਸਵਾਦੀ ਰਚਨਾ ਵਧੇਰੇ ਸਮਝਣ ਵਾਲੀ ਵਸਤੂ ਨਹੀਂ ਹੁੰਦੀ, ਸਗੋਂ ਇਹ ਅਨੁਭਵ ਦੀ ਵਸਤੂ ਹੁੰਦੀ ਹੈ। ਇਵੇਂ ਅਨੰਦ ਇਕ ਆਤਮਿਕ ਸ਼ਬਦ ਹੈ ਜਿਸ ਦੀ ਸਹੀ ਤੇ ਹਰ ਪੱਖ ਸੰਪੂਰਨ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਹ ਅਨੁਭਵ ਦੀ ਵਸਤੂ ਹੈ। ਇਸ ਦੀ ਵਿਆਖਿਆ ਕਰਦੇ ਹੋਏ ਡਾ. ਦੀਵਾਨ ਸਿੰਘ ਲਿਖਦੇ ਹਨ ਕਿ ਅਨੰਦ ਦੀ ਵਿਆਖਿਆ ਸ਼ਬਦਾਂ ਜਾਂ ਸੰਪੂਰਨ ਰੂਪ ਵਿਚ ਨਹੀਂ ਹੋ ਸਕਦੀ। ਪਰ ਫਿਰ ਅਸੀਂ ਅੰਮ੍ਰਿਤ ਦਾ ਭਾਵ ਨਾ ਸਮਝੀਏ। ਅੰਮ੍ਰਿਤ ਸ਼ਬਦ ਦੀ ਵਰਤੋਂ ਅਨੰਦ ਸਾਹਿਬ ਵਿਚ ਕੀਤੀ ਗਈ ਹੈ। ਸੁਖਮਨੀ ਸਾਹਿਬ ਦੇ ਆਦਿ ਵਿਚ ਹੀ ਅੰਮ੍ਰਿਤ ਸ਼ਬਦ ਦੀ ਵਰਤੋਂ ਹੋਈ ਹੈ। ਅਨੰਦ ਸਾਹਿਬ ਵਿਚ ਇਉਂ ਅੰਕਿਤ ਹੈ "ਸਹਿ ਨਾਲ ਸੁਲਿ ਜਲ ਅੰਮ੍ਰਿਤ ਚੋਸਦੇ ਸੁ ਅੰਮ੍ਰਿਤ ਗੁਰ ਤੇ ਪਾਇਆ।" ਇਸ ਤੁਕ ਵਿਚ ਸਾਫ਼ ਪ੍ਰਗਟ ਹੋ ਜਾਂਦਾ ਹੈ ਕਿ ਸਾਰੇ ਵੱਡੇ ਮਨੁੱਖ ਅੰਮ੍ਰਿਤ ਦੀ ਭਾਲ ਵਿਚ ਹਨ। ਇਹ ਅੰਮ੍ਰਿਤ ਪਰਮਾਤਮਾ ਦਾ ਨਾਮ ਹੈ ਜੋ ਮਿੱਠਾ ਹੈ ਅਤੇ ਇਹ ਕੇਵਲ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਮਨੁੱਖ ਦੀ ਸਦੀਵੀ ਭਾਲ ਅੰਮ੍ਰਿਤ ਦੀ ਭਾਲ ਹੈ।

ਆਬੇ ਹਯਾਤ ਅਰਥਾਤ ਜੀਵਨ ਦਾ ਪਾਣੀ ਸਭ ਤੋਂ ਕੀਮਤੀ ਵਸਤੂ ਅੰਮ੍ਰਿਤ ਹੈ ਜਿਸ ਦੀ ਭਾਲ ਬਾਹਰ-ਮੁਖੀ ਹੋ ਕੇ ਸੰਭਵ ਨਹੀਂ। ਜਿਵੇਂ ਕਸਤੂਰੀ ਦੀ ਭਾਲ ਵਿਚ ਹਨ-ਹਨ ਕੇ ਮਰ ਜਾਂਦਾ ਹੈ, ਪਰ ਆਪਣੇ ਅੰਦਰੋਂ ਆ ਰਹੀ ਖੁਸ਼ਬੂ ਦੀ ਉਸ ਨੂੰ ਸੋਝੀ ਨਹੀਂ ਹੁੰਦੀ। ਇਸੇ ਤਰ੍ਹਾਂ ਅੰਮ੍ਰਿਤ ਦੀ ਭਾਲ ਬਾਹਰ ਨਹੀਂ ਅੰਦਰ ਹੋ ਸਕਦੀ ਹੈ। ਇਹ ਸਾਹਿਲ ਦਾ ਇਸ਼ਾ ਨਹੀਂ ਸਾਹਿਲ ਦਾ ਇਕ ਹੈ। ਇਸ ਦੀ ਪ੍ਰਾਪਤੀ ਅੰਤਰਮੁਖੀ ਹੈ, ਬਾਹਰਮੁਖੀ ਨਹੀਂ। ਇਹ ਸਿਰਫ਼ ਆਤਮਕ ਅਨੁਭਵਾ ਦਾ ਇਕ ਬਾਹਰਮੁਖੀ ਪ੍ਰਤੀਕ ਹੈ। ਇਹ ਇਕ ਅੱਟਲ ਸੱਚਾਈ ਹੈ ਕਿ ਜਦ ਅੰਤਰਮੁਖੀ ਅਨੰਦ ਦੀ ਪ੍ਰਾਪਤੀ ਹੋ ਗਈ ਤਾਂ ਬਾਹਰਮੁਖੀ ਤੌਰ ਤੇ ਆਪੇ ਹੀ ਹੋ ਜਾਂਦੀ ਹੈ।

ਇਸ ਕਰਕੇ ਅਸੀਂ ਇਸ ਨੂੰ ਅੰਮ੍ਰਿਤ ਦੀ ਖਾਣੀ ਵੀ ਆਖ ਸਕਦੇ ਹਾਂ। ਡਾ. ਤਾਰਨ ਸਿੰਘ ਅਨੁਸਾਰ "ਅਨੰਦ ਸਾਹਿਬ ਵੀ ਅੰਮ੍ਰਿਤ ਦੀ ਬਾਣੀ ਹੈ। ਇਸ ਵਿਚ ਜੀਵਨ ਮੁਕਤੀ ਦੀ ਪ੍ਰਾਪਤੀ ਤੇ ਪਰਤੀਤੀਆਂ ਦੇ ਰੋਸ ਅਨੁਸਾਰ ਇਹ ਅਮੂਲ ਇਉਂ ਕਰਣੇ ਹਨ:- ਨਾਗਾਸਹੀ ਸਖਸੀਅਤ ਇਕਲਾਰੀ ਸੁਰਤ ਸੁੱਭ ਖ਼ਿਤਫਲਾ, ਨਸੇਵਾਂ, ਸਹੈ-ਰਾਖੂ ਲਿਵ, ਸੁਲਤਾਨੀ ਹੋਣੀ ਜੀਵਨ ਜਾਚ, ਦੁਖ- ਸੰਗਮ, ਕੁੱਲਾਂ ਭਾਂਡ, ਲਸੀ ਟਪਕ, ਜੀਵਨ ਖੇਲ ਵਿਚ ਸੰਤੁਸ਼ਟਤਾ, ਸਾਜਣ ਭਗਤੀ, ਆਪਾ ਵਾਰਨਾ, ਅੰਤਸ਼ਕਰਨ ਦੀ ਅਲਸਾਰਤਾ, ਪਵਿੱਤਰਤਾ ਬਿਬੇਕ ਸੱਚ ਨਾਮ ਅੰਦਰ ਬਾਹਰ ਇਕ ਹੋਣਾ, ਸੰਤੋਖਤਾ, ਸੁਰਤੀ, ਸੁੱਭ ਪ੍ਰੇਰਨਾ,

ਗ੍ਰਿਹਸਥ, ਸੱਚ ਦਾ ਵਿਸਥਾਰ, ਹੁਕਮ ਦੀ
ਪਹਿਚਾਣ, ਸਾਧਸੰਗਤ, ਕ੍ਰਿਤਗਯਤਾ, ਮਹਿਮਾ
ਵਿਚ ਉਦਾਸੀ, ਅਮੁੱਲੇ ਦੀ ਪਹਿਚਾਣ,
ਰਸਨਾ ਉਸਤਤੀ, ਜੀਭ ਦਾ ਸ਼ਬਦ, ਅੰਦਰਲੀ
ਜੋਤ ਦਾ ਗਿਆਨ, ਅੰਤਰ-ਆਤਮੇ ਪ੍ਰਭੂ
ਨਿਵਾਸ, ਸਹਜ ਸਰੀਰ, ਵਿਚ ਵਿਸ਼ਟਤਾਂ
ਪਵਿੱਤਰ ਸਰਵਣ, ਆਤਮ ਸੂਝ ਸਭ ਪਾਸਿਓਂ
ਸੰਤੋਖ ਦੀ ਪ੍ਰਾਪਤੀ, ਇਹਨਾਂ ਅਸੂਲਾਂ
ਤੋਂ ਪੈਦਾ ਹੋਇਆ ਅੰਮ੍ਰਿਤ ਜੀਵਨ ਹੈ।
ਜੋ ਇਹਨਾਂ ਜੀਵਨ ਅਸੂਲਾਂ ਦਾ ਨਾਮ
ਅੰਮ੍ਰਿਤ ਹੈ। ਸਿੱਖ-ਰਹਿਤ ਨਿਤ ਨੇਮ
ਵਿਚ ਇਹ ਅੰਮ੍ਰਿਤ ਛੱਕਦਾ ਹੈ ਅਤੇ
ਇਹਨਾਂ ਅਸੂਲਾਂ ਨੂੰ ਨਿਭਾਹ ਦਾ
ਪ੍ਰਣ ਕਰਦਾ ਹੈ। ਇਸ ਅੰਮ੍ਰਿਤ ਦੀ
ਸਮਰੱਥਾ ਨੇ ਖਾਲਸਾ ਇਤਿਹਾਸ ਇਕੂ
ਕਰਾਇਆ ਹੈ। ਇਹਨਾਂ ਅਸੂਲਾਂ ਤੋਂ
ਪੈਦਾ ਹੋਇਆ ਹੀ 'ਸਿਮਰਨ' ਹੈ।
ਸਿਮਰਨ ਅੰਮ੍ਰਿਤ ਹੈ। ਅੰਮ੍ਰਿਤ
ਨਾਮ ਨਿਧਾਨ ਹੈ।"

## ਦਾਰਸ਼ਨਿਕ ਪੱਖ

ਅਨੰਦ ਸਾਹਿਬ ਇਕ ਅਧਿਆਤਮਵਾਦੀ
ਰਚਨਾ ਹੈ ਅਤੇ ਇਸ ਵਿਚ ਗੁਰੂ ਜੀ ਦਾ
ਦ੍ਰਿਸ਼ਟੀਕੋਣ ਸਮਾਇਆ ਹੋਇਆ ਹੈ। ਇਸ
ਸਬੰਧੀ ਅਸੀਂ ਕੁਝ ਹੇਠ ਲਿਖੇ ਅਨੁਸਾਰ
ਸੰਖੇਪ ਚਰਚਾ ਕਰ ਰਹੇ ਹਾਂ:-

ਬ੍ਰਹਮ: ਅਨੰਦ ਸਾਹਿਬ ਵਿਚਲਾ ਬ੍ਰਹਮ ਅਗਮ-ਅਗੋਚਰ, ਬੇਅੰਤ, ਪਾਰਬ੍ਰਹਮ ਆਦਿ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬ੍ਰਹਮ ਦੀ ਇਹ ਅਨੰਤਤਾ ਉਸ ਦੇ ਅਨੰਦ-ਸਰੂਪ ਦੀ ਅਨੰਤਤਾ ਦੀ ਹੀ ਲਖਾਇਕ ਹੈ। ਉਸ ਦੇ ਇਹ ਗੁਣ ਹੇਠ ਲਿਖੀਆਂ ਸਤਰਾਂ ਵਿਚ ਵਿਦਮਾਨ ਹਨ -

"ਅਗਮ ਅਗੋਚਰ ਤੇਰਾ ਅੰਤੁ ਨ ਪਾਇਆ
ਅੰਤੋ ਨ ਪਾਇਆ ਤੇਰਾ ਆਪਣਾ ਆਪ ਤੂੰ ਜਾਣਹੈਂ

ਜੀਵ/ਜੀਵਾਤਮਾ: ਇਸ ਰਚਨਾ ਵਿਚ ਪਰਮਾਤਮਾ ਨੂੰ ਹੀ ਜੀਵਾਂ ਦੀ ਉਤਪੱਤੀ ਦਾ ਕਾਰਣ ਪ੍ਰਵਾਨ ਕੀਤਾ ਗਿਆ ਹੈ। ਗੁਰੂ ਜੀ ਦਾ ਫੁਰਮਾਨ ਹੈ :-

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ।

ਇਸ ਬਾਣੀ ਅਨੁਸਾਰ ਜੀਵਾਤਮਾ ਇਕ ਤਰ੍ਹਾਂ ਨਾਲ ਪ੍ਰਭੂ ਦਾ ਸਰੂਪ ਹੈ। ਜਦੋਂ ਉਹ ਪ੍ਰਭੂ ਮਨੁੱਖੀ ਸਰੀਰ ਵਿਚ ਜੋਤਿ ਰੱਖਦਾ ਹੈ ਤਦ ਹੀ ਮਨੁੱਖ। ਜੀਵ ਇਸ ਸੰਸਾਰ ਵਿਚ ਆਉਂਦਾ ਹੈ।

ਭਗਤ/ਭਗਤੀ: 'ਅਨੰਦ ਸਾਹਿਬ' ਵਿਚ ਉਸ ਅਕਾਲ ਪੁਰਖ ਨੂੰ ਹੀ ਭਗਤ ਦਾ ਸਿਰਜਣਹਾਰ ਮੰਨਿਆ ਗਿਆ ਹੈ। ਜੇ ਕੋਈ 'ਮਾਇਆ' ਜਾਂ ਸ਼ਕਤੀ ਭਗਤ ਉਤਪੱਤੀ ਦਾ ਕਾਰਣ ਹੈ ਤਦ ਉਹ ਵੀ ਪਰਮਾਤਮਾ ਦੀ ਬਣਾਈ ਹੋਈ ਹੈ :-

"ਸਿਵ ਸ਼ਕਤਿ ਆਪਿ ਉਪਾਇਕੈ, ਕਰਤਾ ਆਪੇ ਹੁਕਮ ਵਰਤਾਏ।"

ਗੁਰੂ ਜੀ ਨੇ ਜਗਤ ਨੂੰ ਖੇਡ ਤਮਾਸ਼ੇ ਨਾਲ ਉਪਮਾ ਦਿੱਤੀ ਹੈ –

"ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ।"

ਮਾਇਆ: ਅਕਾਲ ਪੁਰਖ ਦੀ ਸ਼ਕਤੀ ਰੂਪੀ ਮਾਇਆ ਨੂੰ ਦਾਰਸ਼ਨਿਕਾਂ ਨੇ ਵਿਦਿਆ ਮਾਇਆ ਵੀ ਕਿਹਾ ਹੈ। ਗੁਰੂ ਜੀ ਅਨੁਸਾਰ ਸ਼ਕਤੀ ਰੂਪੀ ਮਾਇਆ ਅਤੇ ਮੋਹਣੀ ਮਾਇਆ ਦੀ ਰਚਨਾ ਉਸ ਅਕਾਲ ਪੁਰਖ ਨੇ ਆਪ ਕੀਤੀ ਹੈ:-

ਮਾਇਆ ਦਾ ਇਕ ਹੋਰ ਰੂਪ ਵੀ ਹੈ ਜਿਸ ਨੂੰ 'ਅਵਿਦਿਆ ਮਾਇਆ' ਆਖਿਆ ਜਾਂਦਾ ਹੈ। ਮਾਇਆ ਦਾ ਇਹ ਰੂਪ ਜੀਵ ਨੂੰ ਭਰਮਾਂ ਵਿਚ ਭੁਲਾਈ ਰਖਦਾ ਹੈ।

ਮੁਕਤੀ: ਗੁਰੂ ਜੀ ਅਨੁਸਾਰ ਰੂਹਾਨੀ ਅਨੰਦ ਦੀ ਅਵਸਥਾ 'ਮੁਕਤੀ' ਦੀ ਅਵਸਥਾ ਵਾਲੀ ਹੁੰਦੀ ਹੈ। ਇਸ ਅਵਸਥਾ ਵਿਚ ਮਨੁਖ ਦੇ ਸਾਰੇ ਦੁੱਖਾਂ ਅਤੇ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ, ਪਰੰਤੂ ਇਸ ਅਵਸਥਾ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਹੁੰਦੀ ਹੈ -

" ਕਹੈ ਨਾਨਕ ਏਹੁ ਅਨੰਦੁ ਹੈ ਅਨੰਦੁ ਗੁਰ ਤੇ ਜਾਣਿਆ ।"

ਇੰਝ ਅਸੀ ਆਖ ਸਕਦੇ ਹਾਂ ਕਿ ਅਨੰਦ ਸਾਹਿਬ ਇਕ ਸਫਲ ਦਾਰਸ਼ਨਿਕ ਰਚਨਾ ਹੈ ਜਿਸ ਵਿਚ ਬ੍ਰਹਮ, ਜੀਵ, ਜਗਤ, ਮਹਿਮਾ, ਗੁਰਤੀ ਆਦਿ ਸੰਬੰਧੀ ਵਿਚਾਰ ਕੀਤਾ ਗਿਆ ਹੈ।

4.3 ਕਲਾਤਮਕ ਪੱਖ

## ਕੇਂਦਰਤ ਬਿੰਦੂ ਅਨੰਦ

ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਦਾ ਕੇਂਦਰ-ਬਿੰਦੂ ਅਨੰਦ ਹੈ ਜਿਸ ਦੀ ਲੋੜ ਸਰਬਸਾਰੇ ਦੁਖਾਂ ਨੂੰ ਹੈ। ਅਨੰਦ ਦੀ ਪ੍ਰਾਪਤੀ ਬੰਦਿਆਂ ਦੀ ਖੋਜ ਰਹੀ ਹੈ, ਮਗਰ ਇਹ ਤਾਂ ਨਿਰੰਤਰ ਨਾਮ ਜਪਣ ਦੀ ਸਤਿਗੁਰ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦਾ ਹੈ। ਇਸ ਬਾਰੇ ਡਾ. ਤਾਰਨ ਸਿੰਘ ਜੀ ਲਿਖਦੇ ਹਨ ਕਿ, ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵਨ ਦੀ ਸਹੀ ਜਾਚ ਦਾ ਪ੍ਰਮਾਣ ਜੀਵਨ ਵਿੱਚ ਅਨੰਦ ਪ੍ਰਾਪਤੀ ਮੰਨੀ ਹੈ। ਜਿੱਥੇ ਜੀਵਨ ਦੀ ਠੀਕ ਜੁਗਤੀ ਆ ਗਈ ਹੈ ਉੱਥੇ ਭਰਪੂਰ ਖੁਸ਼ੀ, ਖੇੜਾ ਆਤਮਕ ਪ੍ਰਸੰਨਤਾ ਸਭ ਸਿੱਧ ਆਉਣਗੇ। ਆਤਮਿਕ ਪ੍ਰਸੰਨਤਾ ਜਾਂ ਅਨੰਦ ਸਾਧਾਰਨ ਪ੍ਰਕਾਰਕ ਖੁਸ਼ੀ ਤੋਂ ਬਹੁਤ ਉੱਚੀ ਚੀਜ਼ ਹੈ। ਅਨੰਦ ਸਦਾ ਰਹਿਣ ਵਾਲੀ ਦਸ਼ਾ ਹੈ। ਇਸ ਲਈ ਜੋ ਜੀਵਨ-ਜੁਗਤੀ ਦਰਸਾਂਦੀ ਹੈ, ਉਸ ਦੀ ਸੋਝੀ ਕੇਵਲ ਗੁਰੂ ਦੀ ਕਿਰਪਾ ਹੋਣ ਤੇ ਹੀ ਜੀਵਨ ਜੁਗਤੀ

ਮਿਲਦੀ ਹੈ ਜਿਸ ਵਿਚੋਂ ਅਨੰਦ ਪ੍ਰਾਪਤੀ ਹੁੰਦੀ ਹੈ। ਗੁਰੂ ਗਿਆਨ ਦਾ ਸੋਮਾ ਹੈ। ਅਨੰਦ ਪਰਮ ਗਿਆਨ ਹੈ। ਅਨੰਦ ਦੀ ਲੋਚਾ ਸਰਬ-ਵਿਆਪੀ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ ਅਨੰਦ ਦੀ ਪ੍ਰਾਪਤੀ ਹੋਵੇ, ਪਰ ਇਹ ਕੇਵਲ ਪ੍ਰਭੂ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਗਿਆਨ ਪ੍ਰਾਪਤੀ

1. ਅਨੰਦ ਦਾ ਆਧਾਰ ਗਿਆਨ ਅਸੰਭਾਲ ਹੈ। ਗਿਆਨ ਪ੍ਰਾਪਤੀ ਨਾਲ ਦ੍ਰਿਸ਼ਟੀ ਬਦਲਦੀ ਹੈ। ਦ੍ਰਿਸ਼ਟੀ ਦੇ ਬਦਲਣ ਨਾਲ ਹਰ ਥਾਂ ਤੇ ਹਰ ਜੀਵ ਵਿਚ ਪ੍ਰਭੂ ਵਿਆਪਕ ਦਿਸਦਾ ਹੈ ਸਭ ਵਿਚ ਪ੍ਰਭੂ ਦੀ ਜੋਤ ਦਿਸ ਪੈਂਦੀ ਹੈ।

ਕਿਲਵਿਖ ਤੋਂ ਛੁਟਕਾਰਾ

2. ਇਸ ਤਰ੍ਹਾਂ ਦ੍ਰਿਸ਼ਟੀ ਦੇ ਬਦਲਣ ਨਾਲ 'ਕਿਲਵਿਖ' ਕੱਟੇ ਜਾਂਦੇ ਹਨ। ਕਿਲਵਿਖ ਪਾਪ ਹੈ। ਜਦ ਹਰ ਜੀਵ ਵਿਚ ਅਤੇ ਹਰ ਥਾਂ ਪ੍ਰਭੂ ਵਿਆਪਕ ਦਿਸਦਾ ਹੈ, ਤਾਂ ਪਾਪ ਸੰਭਵ ਹੀ ਨਹੀਂ ਰਹਿੰਦਾ। ਪਾਪ ਕਿਸੇ ਹੋਰ ਦੇ ਵਿਰੁੱਧ ਹੁੰਦਾ ਹੈ।

ਮੋਹ ਦਾ ਤਿਆਗ

3. ਪਾਪ ਮੋਹ ਦੇ ਵੱਸ ਪੈਣ ਕਰਕੇ ਸੰਭਵ ਹੈ। ਕੇਵਲ ਅਗਿਆਨਤਾ ਹੈ, ਮੋਹ ਪਦਾਰਥ ਸੰਬੰਧੀਆਂ ਦੀ ਪਕੜ ਹੈ। ਇਸ ਪਕੜ ਦੇ ਵੱਸ ਹੋ ਕੇ ਮਨੁੱਖ ਪਾਪ ਕਰਦਾ ਹੈ। ਆਪਣੇ-ਆਪ ਦਾ ਮੋਹ ਬੜਾ ਪ੍ਰਬਲ ਹੈ। ਆਪਣੇ ਸਰੀਰ ਸੁਖ ਦੀ ਲੋਚਾ ਹੈ। ਇਸ ਤਰ੍ਹਾਂ ਆਪਣੀ

ਪ੍ਰਫੁਲਤੀ ਵਿਚ ਸਲਾਹ ਕਰਦੀ ਰੁੱਤਾਂ ਦੇ
ਵਡੀਰੇ ਪਾਸ ਰਹਦਾ ਹੈ ਮੌਜ ਦੇ
ਉਲਟ ਤ੍ਰਿਸ਼ਨਾ ਹੈ। ਜਿਥੇ ਤ੍ਰਿਸ਼ਨਾ ਦੀ
ਘਿਰਤੀ ਹੈ, ਉਥੇ ਅਨੰਦ ਹੋਵੇਗਾ।

ਸਬਦ ਕੀਰਤਨ, ਸਾਥ

4. ਅਨੰਦ ਦਾ ਆਧਾਰ ਗੁਰਬਾਣੀ ਅਨੁਸਾਰ 'ਸਬਦ' ਹੈ। ਸਬਦ ਹੈ ਕੀਰਤਨ ਸਾਥ, "ਘੜੀਐ ਸਬਦੁ ਸਚੀ ਟਕਸਾਲ' ਜਿੱਥੇ ਜਤੁ ਧੀਰਜੁ, ਮਤਿ, ਗਿਆਨ, ਅਹਰਣਿ ਆਦਿ ਭਾਂਡੇ ਹਨ, ਉਥੇ ਕੀਰਤਨ ਸ਼ਕਤੀ ਘੜਨ ਜਾਂਦੀ ਹੈ। ਸੰਗਤ ਸ਼ਕਤੀ ਹੀ ਸੰਗਤ ਸਧੀਨਤਾ ਹੈ। ਅਨੰਦ ਦੀ ਦਸ਼ਾ ਪ੍ਰਭੂ ਮਿਲਾਪ ਦੀ ਦਸ਼ਾ ਹੈ। ਇਹ ਪਵਿੱਤਰ-ਪਾਵਨ ਮਨ ਦੀ ਹਾਲਤ ਹੈ।

ਅਨੰਦ ਦੀ ਪ੍ਰਾਪਤੀ

5. ਅਨੰਦ ਦੀ ਪ੍ਰਾਪਤੀ ਪਾਰਬ੍ਰਹਮ ਦੀ ਪ੍ਰਾਪਤੀ ਹੈ। ਅਨੰਦ ਦੀ ਪ੍ਰਾਪਤੀ ਪ੍ਰਭੂ ਨਾਲ ਇੱਕਮਿਕ ਹੋਣਾ ਹੈ।

ਦੁਖ ਦਾ ਤਿਆਗ

6. ਪ੍ਰਭੂ ਪ੍ਰਾਪਤੀ ਨਾਲ ਦੁਖ, ਰੋਗ, ਸੰਤਾਪ, ਵਿਸੂਰੇ ਨਾਸ਼ ਹੁੰਦੇ ਹਨ। ਸਾਰੇ ਡਰ ਮੁੱਕਦੇ ਹਨ, ਦੁਖ-ਕਲੇਸ਼ ਕੱਟੇ ਜਾਂਦੇ ਹਨ।

ਕਾਮ ਨਿਵਾਰਨ

7. ਅਨੰਦ ਵਾਲਾ ਹੋਰ ਸਭ ਨੂੰ ਅਨੰਦ ਦੇਣ ਦੇ ਸਮਰਥ ਹੁੰਦਾ ਹੈ। ਗੁਰੂ ਅਨੰਦ ਵਾਲਾ ਹੈ, ਉਸ ਦੀ ਬਾਣੀ ਵਿਚੋਂ ਸੁਰਤ ਸੰਭਾਲ ਨੂੰ ਅਨੰਦ ਮਿਲਦਾ ਹੈ। ਬਾਣੀ ਅਨੰਦ ਪ੍ਰਾਪਤੀ ਦੀ ਕੀਰਤਨ ਸ਼ਕਤੀ ਦਿੰਦੀ ਹੈ। ਇਹ ਕਾਮ ਨਿਵਾਰਨ ਹੈ। ਸੰਗਤ ਸ਼ਕਤੀ ਕਾਮ ਨਿਵਾਰਨ ਨਾਲ ਹੀ, ਸੱਤੇ ਸਿਧ ਮਿਲ ਜਾਂਦੀ ਹੈ।

ਪਵਿੱਤਰਤਾ

8. ਉਹ ਪਵਿੱਤਰ ਪਾਵਨ ਬਾਣੀ ਹੈ ਜਿਸ ਮਿਲੇ ਤਦ ਪਵਿੱਤਰ ਹਿਰਦਾ ਦਾ ਤਰੀਕਾ ਮਿਲ ਜਾਂਦਾ ਹੈ। ਜੀਵਨ ਵਿਚੋਂ ਬੁਰਿਆਈ ਪਵਿੱਤਰ ਹੋਵੇ ਤਦ ਅਨੰਦ 'ਮਿਲਦਾ ਹੈ।

ਸੰਗੀਤਮਈ, ਵਿਸ਼ਾ

9. ਅਨੰਦ ਦੀ ਰਚਨਾ ਸੰਗੀਤਮਈ ਰਚਨਾ ਹੈ- "ਅਨਹਦ ਤੂਰੇ ਦੀ ਧੁਨਾਂ ਸਾਰੀ ਜ਼ਿੰਦਗੀ ਨਾਲ ਜਿਸਮ ਹੋਵੇ ਇਸ ਅਨੰਦ ਹੈ। ਸਾਰੇ ਧਾਰਮਿਕੀ ਨਿਆਮ ਨਾਲ ਜਿਸਮ ਹੋਵੇ ਇਹੋ ਖੁਸ਼ੀ ਹੈ। ਰਚਨਾ ਹੀ ਧਾਰਮਿਕੀ ਨਿਆਮ ਹੈ ਜਿਵੇਂ :-

ਅਨੰਦ ਅਨੰਦ ਸਭ ਕੋ ਕਹੈ ਅਨੰਦ ਗੁਰੂ ਤੇ ਜਾਣਿਆ
ਜਾਣਿਆ ਅਨੰਦ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ।
ਕਰਿ ਕਿਰਪਾ ਕਿਲਵਿਖ ਕਟੇ, ਗਿਆਨ ਅੰਜਨ ਸਾਰਿਆ।
ਅੰਦਰਹੁ ਜਿਨ ਕਾ ਮੋਹੁ ਤੁਟਾ, ਤਿਨ ਕਾ ਸਬਦ ਸਚੈ ਸਵਾਰਿਆ
ਕਹੈ ਨਾਨਕ ਏਹੁ ਅਨੰਦ ਹੈ ਅਨੰਦ ਗੁਰ ਤੇ ਜਾਣਿਆ।

ਇੰਞ ਅਸੀਂ ਆਖ ਸਕਦੇ ਹਾਂ ਕਿ ਅਨੰਦ ਸਾਹਿਬ ਦੀ ਮੂਲ ਧੁਨੀ 'ਅਨੰਦ' ਹੈ ਅਤੇ ਇਸ ਬਾਣੀ ਵਿਚਲੀ ਵਿਚਾਰਧਾਰਾ ਦਾ ਕੇਂਦਰ-ਬਿੰਦੂ ਵੀ ਅਨੰਦ ਹੀ ਹੈ।